**ਵਿਸ਼ਾ:** **ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ ਪੋਸਟਾਂ ਭਰਨ ਬਾਰੇ।**

**ੳ-** **ਪ੍ਰਮਾਣਤ ਪੋਸਟਾਂ ਜਿਨ੍ਹਾਂ ਬਾਰੇ ਪਿਛਲੇ ਇੱਕ ਸਾਲ ਵਿੱਚ ਭਰਤੀ ਕੀਤੀ ਜਾ ਚੁੱਕੀ ਹੈ**
**ਜਾ** **ਭਰਤੀ ਦਾ ਪ੍ਰੋਸੈਸ ਜਾਰੀ ਹੈ।**

1) ਹੇਠ ਲਿਖੀਆ ਪੋਸਟਾਂ ਤੇ ਪਹਿਲਾ ਹੀ ਭਰਤੀ ਕੀਤੀ ਜਾ ਚੁੱਕੀ ਹੈ-

| | |
|---|---|
| ਮੈਡੀਕਲ ਅਫਸਰ | - 312 |
| ਮੈਡੀਕਲ ਅਫਸਰ ਸਪੈਸਲਿਸਟ | - 73 |
| ਸਟਾਫ ਨਰਸਾਂ | - 379 |

2) ਹੇਠ ਲਿਖਿਆ ਪੋਸਟਾਂ ਤੇ ਭਰਤੀ ਦਾ ਪ੍ਰੋਸੈਸ ਜਾਰੀ ਹੈ।

| | |
|---|---|
| ਮੈਡੀਕਲ ਸਪੈਸਲਿਸਟ | - 128 |
| ਮੈਡੀਕਲ ਅਫਸਰ (ਡੈਂਟਲ) | -34 |
| ਡਰਗ ਇੰਸਪੈਕਟਰ | -37 |
| ਮੈਡੀਕਲ ਅਫਸਰ | -214 |
| ਆਯੁਰਵੈਦਿਕ ਮੈਡੀਕਲ ਅਫਸਰ | - 199 |
| ਕੰਪਿਊਟਰ ਓਪਰੇਟਰ | - 6● |

3) ਇਨ੍ਹਾਂ ਸਾਰੀਆਂ ਪੋਸਟਾਂ ਦਾ ਸਾਲਾਨਾ ਵਿੱਤੀ ਬੋਜ ਲਗਭੱਗ 64.●● ਕਰੋੜ ਰੁਪਏ ਬਣਦਾ ਹੈ।

**ਅ)** **ਸਿਹਤ ਵਿਭਾਗ ਵਿੱਚ ਨਵੀਂ ਰੈਕਰੂਟਮੈਂਟ ਲਈ ਵੱਖ ਵੱਖ ਤਜਵੀਜਾਂ।**

**ਤਜਵੀਜ ਨੰ: 1 - ਨਵੀਆਂ ਬਣੀਆਂ ਸੰਸਥਾਵਾਂ ਲਈ ਪੋਸਟਾਂ**

ਸਿਹਤ ਵਿਭਾਗ ਵਿੱਚ ਕੁਝ ਸੀ.ਐਚ.ਸੀਜ. ਅਤੇ ਕੁਝ ਪੀ.ਐਚ.ਸੀਜ. ਬਾਰਡਰ ਏਰੀਆ ਡਿਵੈਲਪਮੈਂਟ ਪ੍ਰੋਗਰਾਮ, ਰਾਜਪੁਰਾ ਟਾਊਨਸ਼ਿਪ ਅਤੇ ਹੋਰ ਸਕੀਮਾਂ ਅਧੀਨ ਬਣੀਆਂ ਹਨ। ਇਨ੍ਹਾਂ ਨੂੰ ਚਾਲੂ ਕਰਨ ਲਈ ਅਫਸਰਜ ਕਮੇਟੀ ਨੇ ਆਪਣੀ ਮੀਟਿੰਗ ਮਿਤੀ 26-4-2●1● ਨੂੰ 427 ਨਵੀਆਂ ਪੋਸਟਾਂ ਮਨਜੂਰ ਕੀਤੀਆਂ, ਜਿਨ੍ਹਾਂ ਦਾ ਸਲਾਨਾ ਵਿੱਤੀ ਬੋਝ 6.25 ਕਰੋੜ ਰੁਪਏ ਬਣਦਾ ਹੈ। ਹਦਾਇਤਾਂ ਮੁਤਾਬਿਕ ਅਫਸਰਜ ਕਮੇਟੀ ਦੀ ਮਨਜੂਰੀ ਤੋਂ ਬਾਅਦ ਇਹ ਕੇਸ ਪ੍ਰਸੋਨਲ ਵਿਭਾਗ ਨੂੰ ਭੇਜਿਆ ਸੀ, ਜਿਨ੍ਹਾਂ ਨੇ ਮਨਜੂਰੀ ਦੇ ਦਿੱਤੀ ਹੈ ਅਤੇ ਹੁਣ ਇਹ ਕੇਸ ਵਿੱਤ ਵਿਭਾਗ ਵਿੱਚ ਪਿਛਲੇ 2 ਮਹੀਨਿਆਂ ਤੋਂ ਪੈਡਿੰਗ ਹੈ ਅਤੇ ਬਿਨਾ ਵਜਾਹ ਕੇਸ ਤੇ ਪ੍ਰੇਖਣ ਲਗਾ ਕੇ ਸਿਹਤ ਵਿਭਾਗ ਨੂੰ ਮੋੜ ਦਿੱਤਾ ਜਾਂਦਾ ਹੈ।

**ਤਜਵੀਜ ਨੰ: 2 – ਖਾਲੀ ਪੋਸਟਾਂ**

ਸਿਹਤ ਵਿਭਾਗ ਵਿੱਚ ਕਈ ਸਾਲਾਂ ਤੋਂ ਰੈਕਰੂਟਮੈਂਟ ਨਹੀਂ ਹੋਈ ਅਤੇ ਕੁਝ ਸੈਂਕਸ਼ਨਡ ਪੋਸਟਾਂ ਹੁਣ ਖਾਲੀ ਪਈਆਂ ਹਨ ਅਤੇ ਇਨ੍ਹਾਂ ਦੀ ਡੀਟੇਲ ਨਾਲ ਨੱਥੀ ਅਨੈਕਸਚਰ – **ਪ੍ਰੋਪੋਜਲ 2** ਤੇ ਰਖੀ ਹੈ, ਜੋ ਖਾਲੀ ਪਈਆਂ ਹਨ ਅਤੇ ਜਿਨ੍ਹਾਂ ਦੀ ਹੁਣ ਲੋੜ ਹੈ। ਇਨ੍ਹਾਂ ਪੋਸਟਾਂ ਨੂੰ ਰਿਵਾਈਵ ਕਰਕੇ ਰੈਕਰੂਟਮੈਂਟ ਕਰਨ ਲਈ ਮਨਜ਼ੂਰੀ ਦੇਣੀ ਚਾਹੀਦੀ ਹੈ। ਇਹ ਪੋਸਟਾਂ ਲਗਭੱਗ 2229 ਹੈ ਅਤੇ ਸਲਾਨਾ ਵਿੱਤੀ ਬੋਝ 42.●● ਕਰੋੜ ਰੁਪਏ ਬਣਦਾ ਹੈ। ਇਨ੍ਹਾਂ ਉਪਰ ਗੌਰ ਕਰਨ ਦੀ ਲੋੜ ਹੈ।



**ਤਜਵੀਜ ਨੰ: 3– ਨਵੇਂ ਜਿਲ੍ਹਿਆਂ ਲਈ ਪੋਸਟਾਂ**

ਪੰਜਾਬ ਵਿੱਚ ਪਿਛਲੇ 18 ਸਾਲਾਂ ਵਿੱਚ ਜਿਲ੍ਹਿਆਂ ਦੀ ਗਿਣਤੀ 12 ਤੋਂ ਵੱਧ 2● ਹੋ ਗਈ ਹੈ। ਹਰੇਕ ਜਿਲ੍ਹੇ ਵਿੱਚ ਹਰੇਕ ਪ੍ਰੋਗਰਾਮ ਲਈ ਪ੍ਰੋਗਰਾਮ ਅਫਸਰ ਹੋਣੇ ਚਾਹੀਦੇ ਹਨ ਅਤੇ ਕੁਝ ਜਰੂਰੀ ਸਟਾਫ ਸਿਵਲ ਸਰਜਨ ਦੇ ਦਫਤਰ ਵਿੱਚ ਦੇਣਾ ਬਣਦਾ ਹੈ। ਕੁਝ ਪੋਸਟਾਂ ਸਾਰੇ ਹੀ 8 ਨਵਿਆਂ ਜਿਲ੍ਹਿਆਂ ਵਿੱਚ ਕਰੀਏਟ ਨਹੀਂ ਹੋਈਆਂ। ਕੁਝ ਨਵੀਆਂ ਪੋਸਟਾਂ ਨਵੇਂ 5 ਅਤੇ 3 ਜਿਲ੍ਹਿਆਂ ਵਿੱਚ ਕਰੀਏਟ ਨਹੀਂ ਕੀਤੀਆਂ ਗਈਆਂ। ਇਨ੍ਹਾਂ ਦੀ ਡੀਟੇਲ **ਪ੍ਰੋਪੋਜਲ 3** ਤੇ ਰਖੀ ਹੈ ਅਤੇ ਇਹ ਪੋਸਟਾਂ ਕਰੀਏਟ ਹੋਣੀਆਂ ਚਾਹੀਦੀਆਂ ਹਨ। ਇਨ੍ਹਾਂ ਪੋਸਟਾਂ ਦੀ ਗਿਣਤੀ 5●2 ਹੈ ਅਤੇ ਸਲਾਨਾ ਵਿੱਤੀ ਬੋਝ ਲਗਭੱਗ 7.●● ਕਰੋੜ ਰੁਪਏ ਬਣਦਾ ਹੈ।

**ਤਜਵੀਜ ਨੰ: 4 – ਨਵੇਂ ਇਕੂਪਮੈਂਟ ਲਈ ਸਟਾਫ**

ਪਿਛਲੇ ਕੁਝ ਸਾਲਾਂ ਤੋਂ ਹਸਪਤਾਲਾਂ ਵਿੱਚ ਨਵਾਂ ਇਕੂਪਮੈਂਟ ਜਿਵੇਂ ਕਿ ਈ.ਸੀ.ਜੀ. ਮਸ਼ੀਨ, ਡਾਇਲਸਿਸ ਮਸ਼ੀਨ, ਫਿਜੀਓਥਰੈਪੀ ਇਕੂਪਮੈਂਟ ਆਏ ਹਨ। ਇਸੀ ਤਰ੍ਹਾਂ ਭਾਰਤ ਸਰਕਾਰ ਦੀਆਂ ਸਕੀਮਾਂ ਤਹਿਤ 3 ਜਿਲ੍ਹਿਆਂ – ਅੰਮ੍ਰਿਤਸਰ, ਪਠਾਨਕੋਟ ਅਤੇ ਜਲੰਧਰ ਲਈ ਟਰੌਮਾ ਸੈਂਟਰ ਮਨਜੂਰ ਹੋਇਆ ਹੈ। ਇਥੇ ਕੁਝ ਸਪੈਸ਼ਲਿਸਟ ਅਤੇ ਸਟਾਫ ਨਰਸਾਂ ਆਦਿ ਦੀਆਂ ਪੋਸਟਾਂ ਕੰਟਰੈਕਟ ਦੇ ਆਧਾਰ ਤੇ ਕਰੀਏਟ ਹੋਈਆਂ ਹਨ। ਭਾਰਤ ਸਰਕਾਰ ਨੂੰ ਕੋਈ ਇਤਰਾਜ ਨਹੀਂ ਹੈ ਜੇਕਰ ਇਹ ਪੋਸਟਾਂ ਅਸੀਂ ਰੈਗੂਲਰ ਤੌਰ ਤੇ ਭਰ ਲਈਏ। ਭਾਰਤ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਇਨ੍ਹਾਂ ਪੋਸਟਾਂ ਦੇ ਵਿਰੁੱਧ ਜੋ ਵੀ ਕੁਝ ਮੁਲਾਜਮ ਰਖਣੇ ਹਨ, ਉਹ ਕੰਟਰੈਕਟ ਜਾਂ ਰੈਗੂਲਰ ਤੌਰ ਤੇ ਭਰਤੀ ਕੀਤੇ ਜਾ ਸਕਦੇ ਹਨ। ਇਨ੍ਹਾਂ ਦੀ ਤਨਖਾਹ ਮਿਤੀ 31-3-2●12 ਤੱਕ ਭਾਰਤ ਸਰਕਾਰ ਦੇਵੇਗੀ। ਉਸ ਤੋਂ ਬਾਅਦ ਐਮ.ਓ.ਯੂ. ਦੇ ਮੁਤਾਬਿਕ ਇਹ ਸਾਰੀ ਲਾਏਬਿਲਟੀ ਪੰਜਾਬ ਸਰਕਾਰ ਦੀ ਹੋਵੇਗੀ। ਇਸ ਤਜੀਵਜ ਵਿੱਚ 57● ਪੋਸਟਾਂ ਲਈ ਸਾਲਾਨਾ ਲੱਗਭੱਗ 8.37 ਕਰੋੜ ਰੁਪਏ ਵਿੱਤੀ ਬੋਜ ਹੋਵੇਗਾ। ਇਹ ਸਾਰੀ ਡੀਟੇਲ **ਪ੍ਰੋਪੋਜਲ** 4 ਤੇ ਰਖੀ ਹੈ।

**ਤਜਵੀਜ ਨੰ: 5 – ਆਯੁਰਵੈਦਿਕ ਵਿਭਾਗ**

ਆਯੁਰਵੈਦਿਕ ਵਿਭਾਗ ਵਿੱਚ ਹੇਠ ਲਿਖੀਆਂ ਹੋਰ ਪੋਸਟਾਂ ਭਰਨ ਦੀ ਜਰੂਰਤ ਹੈ।

| | |
|---|---|
| ਆਯੁਰਵੈਦਿਕ ਮੈਡੀਕਲ ਅਸਫਰ | −●8 |
| ਯੂਨਾਨੀ ਮੈਡੀਕਲ ਅਫਸਰ | −3● |
| ਉਪਵੈਦ | −25● |
| ਸਟੈਨੋ | −●9 |
| ਡਰਾਇਵਰ | −●1 |
| ਦਾਈਆਂ | −253 |

ਇਨ੍ਹਾਂ ਤੇ ਸਾਲਾਨਾਂ ਵਿੱਤੀ ਬੋਝ ਲੱਗਭੱਗ 7.5● ਕਰੋੜ ਰੁਪਏ ਹੋਵੇਗਾ।